**ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ**
**ਕੰਪਃ ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼ਃ8, ਸਅਸ ਨਗਰ (ਸੇਵਾਵਾਂ ਸ਼ਾਖਾ)**
**Email ID: dpiee.service@punjabeducation.gov.in**

On Immediate basis
Via Website/E-mail/Notice Board

ਵੱਲਃ **ਯਾਦ-ਪੱਤਰ-1**

ਸਮੂਹ ਜਿਲਾ ਸਿੱਖਿਆ ਅਫਸਰ (ਐਸਿ/ਸੈਸਿ),
ਪੰਜਾਬ ਰਾਜ।

ਮੀਮੋ ਨੰ; 129260/DPIEE-SRVCOI0/98/2020-BUDGET-DPIEE/-654
ਮਿਤੀਃ ਸਅਸ ਨਗਰਃ -18-8-2022

ਵਿਸ਼ਾਃ **ਮਿਸ਼ਨ ਤੰਦਰੁਸਤ ਪੰਜਾਬ ਦੇ ਸਬ-ਮਿਸ਼ਨ ਗਰੀਨ ਪੰਜਾਬ ਅਧੀਨ ਐਕਸ਼ਨ ਪਲਾਨ ਸਾਲ 2022-23 ਅਧੀਨ ਮਹੀਨਾਵਾਰ ਪ੍ਰਗਤੀ ਸਬੰਧੀ।**

ਹਵਾਲਾਃ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਦਫ਼ਤਰ ਪ੍ਰਧਾਨ ਮੁੱਖ ਵਣ ਪਾਲ (HOFF), ਵਣ ਭਵਨ, ਸੈਕਟਰ-68, ਸਅਸ ਨਗਰ ਦੇ ਪੱਤਰ ਨੰ:ਫੁਟਕਲ/9287-95 ਮਿਤੀ 25/07/2022 ਅਤੇ ਨੰ;ਫੁਟਕਲ/801-09 ਮਿਤੀ 12/08/2022 ਅਤੇ ਵਿਭਾਗ ਦੇ ਮੀਮੋ ਨੰ; 129260/DPIEE-SRVCOI0/98/2020-BUDGET-DPIEE/623 ਮਿਤੀ 08/08/2022 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ਾ ਅੰਕਿਤ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਦਿਸ਼ਾ/ਨਿਰਦੇਸ਼ ਜਾਰੀ ਕਰਦੇ ਹੋਏ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਸੂਚਨਾ ਇਕੱਤਰ ਕਰਕੇ ਭੇਜਣ ਲਈ ਲਿਖਿਆ ਗਿਆ ਸੀ, ਪਰੰਤੂ ਬੜੇ ਖੇਦ ਦੀ ਗੱਲ ਹੈ ਕਿ ਅਜੇ ਤੱਕ ਸੂਚਨਾ ਮੁੱਖ ਦਫ਼ਤਰ ਨੂੰ ਪ੍ਰਾਪਤ ਨਹੀਂ ਹੋਈ ਹੈ।

2.0 ਮਿੱਥੇ ਸਮੇਂ ਅੰਦਰ ਵਣ ਵਿਭਾਗ, ਪੰਜਾਬ ਨੂੰ ਸੂਚਨਾ ਨਾ ਭੇਜਣ ਕਾਰਣ ਉਨ੍ਹਾਂ ਵੱਲੋਂ ਗੰਭੀਰ ਨੋਟਿਸ ਲੈਂਦੇ ਹੋਏ ਸੂਚਨਾ ਤੁਰੰਤ ਭੇਜਣ ਲਈ ਲਿਖਿਆ ਹੈ।

3.0 ਇਸ ਲਈ ਆਪ ਨੂੰ ਸਖਤ ਆਦੇਸ਼ ਜਾਰੀ ਕੀਤੇ ਜਾਂਦੇ ਹਨ ਕਿ ਨਿਮਨਲਿਖਤ ਪ੍ਰੋਫਾਰਮੇ ਅਨੁਸਾਰ ਪਿਛਲੇ ਮਹੀਨਿਆਂ ਦੀ ਬਣਦੀ ਸੂਚਨਾ ਤੁਰੰਤ ਬਿਨ੍ਹਾਂ ਕਿਸੀ ਦੇਰੀ ਦੇ ਮਿਤੀ 23/08/2022 ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਖੇਚਲ ਕੀਤੀ ਜਾਵੇ।

| ਲੜੀ ਨੰ; | ਜਿਲ੍ਹੇ ਦਾ ਨਾਂ | ਕਿੰਨ੍ਹੇ ਸਕੂਲ ਕਵਰ ਹੋਏ ਦੀ ਗਿਣਤੀ | ਕੁੱਲ ਲਗਾਏ ਗਏ ਪੌਦਿਆਂ ਦੀ ਗਿਣਤੀ | ਲਗਾਏ ਗਏ ਪੌਦਿਆਂ ਦੀ ਕਿਸਮਃ- ਕੀ ਪੌਦੇ ਫਲਦਾਰ ਹਨ ਜਾਂ ਛਾਂ ਵਾਲੇ? | ਵਿਸ਼ੇਸ਼ ਕਥਨ |
|---|---|---|---|---|---|
| | | | | | |

**ਜਰੂਰੀ ਨੋਟਃ-** ਸਮੇਂ ਸਿਰ ਸੂਚਨਾ ਮੁਹੱਇਆ ਨਾ ਕਰਵਾਉਣ ਦੀ ਸੂਰਤ ਵਿੱਚ ਇਸ ਦੇ ਨਿਕਲਣ ਵਾਲੇ ਸਿੱਟਿਆਂ ਦੀ ਨਿਰੋਲ ਜਿੰਮੇਵਾਰੀ ਆਪ ਦੇ ਦਫ਼ਤਰ ਦੀ ਨਿਜੀ ਹੋਵੇਗੀ। ਇਸ ਨੂੰ ਪਰਮ-ਅਗੇਤ ਦਿੱਤੀ ਜਾਵੇ।

18/08/2022
**ਸਹਾਇਕ ਡਾਇਰੈਕਟਰ (ਸੇਵਾਵਾਂ)**
ਮਿਤੀਃ

ਪਿੱਠ ਅੰਕਣ ਨੰ; ਉਕਤ

ਉਤਾਰਾ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਦਫ਼ਤਰ ਪ੍ਰਧਾਨ ਮੁੱਖ ਵਣ ਪਾਲ (HOFF), ਵਣ ਭਵਨ, ਸੈਕਟਰ-68, ਸਅਸ ਨਗਰ ਨੂੰ ਉਨ੍ਹਾਂ ਦੇ ਪੱਤਰ ਨੰ:ਫੁਟਕਲ/801-09 ਮਿਤੀ 12/08/2022 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

18/08/2022
**ਸਹਾਇਕ ਡਾਇਰੈਕਟਰ (ਸੇਵਾਵਾਂ)**

ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ
ਕੰਪ: ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਾਅਸ ਨਗਰ (ਸੇਵਾਵਾਂ ਸ਼ਾਖਾ)
Email ID: dpiee.service@punjabeducation.gov.in

**Most Important**

ਵੱਲ:

ਸਮੂਹ ਜਿਲਾ ਸਿੱਖਿਆ ਅਫਸਰ (ਐਸਿ/ਸੈਸਿ),
ਪੰਜਾਬ ਰਾਜ।

ਮੀਮੋ ਨੰ;129260/DPIEE-SRVCOI0/98/2020-BUDGET-DPIEE/
ਮਿਤੀ:ਸਾਅਸ ਨਗਰ: 08/08/2022

ਵਿਸ਼ਾ: ਮਿਸ਼ਨ ਤੰਦਰੁਸਤ ਪੰਜਾਬ ਦੇ ਸਬ-ਮਿਸ਼ਨ ਗਰੀਨ ਪੰਜਾਬ ਅਧੀਨ ਐਕਸ਼ਨ ਪਲਾਨ ਸਾਲ 2022-23 ਅਧੀਨ ਮਹੀਨਾਵਾਰ ਪ੍ਰਗਤੀ ਸਬੰਧੀ।

ਹਵਾਲਾ: ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਦਫ਼ਤਰ ਪ੍ਰਧਾਨ ਮੁੱਖ ਵਣ ਪਾਲ (HOFF), ਵਣ ਭਵਨ, ਸੈਕਟਰ-68, ਸਾਅਸ ਨਗਰ ਦੇ ਪੱਤਰ ਨੰ:ਟੁਟਕਸ/9287-95 ਮਿਤੀ 25/07/2022 ਦੇ ਸਬੰਧ ਵਿੱਚ।

ਵਿਸ਼ਾ ਅੰਕਿਤ ਸਬੰਧੀ ਪੰਜਾਬ ਸਰਕਾਰ ਵੱਲੋਂ ਤੰਦਰੁਸਤ ਪੰਜਾਬ ਦੇ 'ਸਬ-ਮਿਸ਼ਨ' 'ਗਰੀਨ ਪੰਜਾਬ' ਅਧੀਨ ਐਕਸ਼ਨ ਸ਼ੁਰੂ ਕੀਤਾ ਗਿਆ ਹੈ। ਜਿਸ ਅਨੁਸਾਰ ਐਕਸ਼ਨ ਪਲਾਨ ਸਾਲ 2022-23 ਦੇ ਟੀਚਿਆਂ ਨੂੰ ਅਚੀਵ ਕਰਨ ਲਈ ਪੱਤਰ ਪ੍ਰਾਪਤ ਹੋਇਆ ਹੈ। ਇਨ੍ਹਾਂ ਟੀਚਿਆਂ ਨੂੰ ਹਰ ਹਾਲਤ ਵਿੱਚ ਹਾਸਿਲ ਕਰਨ ਲਈ ਆਪ ਨੂੰ ਨਿਮਨਲਿਖਤ ਵੇਰਵੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

2.0 ਪੌਦੇ ਲਗਾਉਣ ਦੀ ਪ੍ਰਕਿਰਿਆ ਤੁਰੰਤ ਆਰੰਭੀ ਜਾਵੇ ਅਤੇ ਪਲਾਂਟੇਸ਼ਨ ਸਬੰਧੀ ਪੌਦਿਆਂ ਦੀ ਜਰੂਰਤ ਹੋਣ ਦੀ ਸੂਰਤ ਵਿੱਚ ਵਣ ਵਿਭਾਗ ਅਧੀਨ ਆਉਂਦੇ ਮੰਡਲਾਂ ਨਾਲ ਰਾਬਤਾ ਕਾਇਮ ਕਰਕੇ ਬੂਟੇ ਪ੍ਰਾਪਤ ਕੀਤੇ ਜਾਣ।

3.0 ਪੌਦੇ ਲਗਾਉਣ ਬਾਰੇ ਸਾਵਣ/Monsoon ਦੀ ਰੁੱਤ ਸੱਭ ਤੋਂ ਜਿਆਦਾ ਲਾਭਦਾਇਕ ਹੁੰਦਾ ਹੈ, ਇਸ ਲਈ ਪਲਾਂਟੇਸ਼ਨ (ਟੋਏ ਪੁੱਟਣ ਅਤੇ ਖਾਦ ਆਦਿ) ਦੀ ਤਿਆਰੀ ਹਰ ਪੱਖੋਂ ਮੁਕੰਮਲ ਕਰ ਲਈ ਜਾਵੇ।

4.0 ਇਸ ਦੇ ਨਾਲ ਹੀ ਸਕੂਲ ਸਟਾਫ/ਵਿਦਿਆਰਥੀਆਂ ਆਦਿ ਨੂੰ ਸਾਵਣ/Monsoon ਦੀ ਰੁੱਤ ਦੇ ਰੁੱਖਾਂ ਬਾਰੇ ਦੱਸਦੇ ਹੋਏ ਆਪਣੇ ਇਲਾਕੇ (ਸਕੂਲ ਅਤੇ ਰਿਹਾਇਸ਼) ਦੇ ਆਲੇ-ਦੁਆਲੇ ਪੌਦੇ (ਘਣੀ ਛਾਂ, ਫਲਦਾਰ, ਅੱਟ ਪਈ ਲੈਣ ਵਾਲੇ) ਆਦਿ ਰੁੱਖ ਲਗਾਉਣ ਜਿਸ ਨਾਲ ਵਾਤਾਵਰਣ ਸਾਫ ਹੋਵੇ, ਬਾਰੇ ਰੋਜਾਨਾ ਆਧਾਰ ਤੇ ਸਵੇਰ ਦੀ ਸਭਾ ਵਿੱਚ ਲਾਜਮੀ ਤੌਰ ਤੇ ਜਾਗਰੂਕ ਜਰੂਰ ਕੀਤਾ ਜਾਵੇ।

5.0 ਸਾਲ 2022-23 ਦੇ ਨਿਰਧਾਰਤ ਟੀਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਹੀਨਾਵਾਰ ਪ੍ਰਗਤੀ ਰਿਪੋਰਟ ਹਰ ਮਹੀਨੇ ਦੀ 02 ਤਰੀਖ ਨੂੰ ਵਿਭਾਗ ਨੂੰ ਈ-ਮੇਲ ਰਾਹੀਂ ਆਪਣੇ ਪੱਧਰ ਤੇ ਸੰਕਲਿਤ ਕਰਕੇ ਮੁੱਖ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਸਕੂਲਾਂ ਵੱਲੋਂ ਮੁੱਖ ਦਫ਼ਤਰ ਨੂੰ ਸਿੱਧੇ ਤੌਰ ਤੇ ਭੇਜੀ ਗਈ ਸੂਚਨਾ ਵਿਚਾਰੀ ਨਹੀਂ ਜਾਵੇਗੀ।

ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ
ਕੰਪਃ ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ (ਸੇਵਾਵਾਂ ਸ਼ਾਖਾ)
Email ID: dpiee.service@punjabeducation.gov.in

6.0 ਉਕਤ ਸਬੰਧੀ ਅਪ੍ਰੈਲ-2022 ਤੋਂ ਜੂਨ-2022 ਮਹੀਨੇ ਤੱਕ ਆਪਣੇ-ਆਪਣੇ ਜ਼ਿਲੇ ਦੇ ਸਕੂਲਾਂ ਵਿੱਚ ਲਗਾਏ ਗਏ ਪੌਦਿਆਂ/ਬੂਟਿਆਂ ਦੀ ਸੂਚਨਾ ਮੁੱਖ ਦਫ਼ਤਰ ਨੂੰ 02/08/2022 ਤੱਕ ਇਕੱਤਰ ਕਰਕੇ ਹੇਠ ਦਰਸਾਏ ਗਏ ਪ੍ਰੋਫਾਰਮੇ ਅਨੁਸਾਰ ਭੇਜਣੀ ਯਕੀਨੀ ਬਣਾਈ ਜਾਵੇ, ਤਾਂ ਜੋ ਸਮੂਹ ਜ਼ਿਲਿਆਂ ਤੋਂ ਪ੍ਰਾਪਤ ਸੂਚਨਾ ਨੂੰ ਸਮੇਂ ਸਿਰ ਸੰਕਲਿਤ ਕਰਕੇ ਵਣ ਵਿਭਾਗ, ਪੰਜਾਬ ਨੂੰ ਹਰ ਮਹੀਨੇ ਮਿਥੀ ਤਰੀਕ ਨੂੰ ਅਗਲੇਰੀ ਕਾਰਵਾਈ ਹਿੱਤ ਭੇਜੀ ਜਾ ਸਕੇ।

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਕਿੰਨੇ ਸਕੂਲ ਕਵਰ ਹੋਏ ਦੀ ਗਿਣਤੀ | ਕੁੱਲ ਲਗਾਏ ਗਏ ਪੌਦਿਆਂ ਦੀ ਗਿਣਤੀ | ਲਗਾਏ ਗਏ ਪੌਦਿਆਂ ਦੀ ਸਥਿਤੀ- ਕੀ ਪੌਦੇ ਫਲਦਾਰ ਹਨ ਜਾਂ ਛਾਂ ਵਾਲੇ? | ਵਿਸ਼ੇਸ਼ ਕਥਨ |
|---|---|---|---|---|---|
| | | | | | |

ਸਹਾਇਕ ਡਾਇਰੈਕਟਰ (ਸੇਵਾਵਾਂ)

ਪਿੱਠ ਅੰਕਣ ਨੰ: ਉਕਤ 623 ਮਿਤੀ: 08/08/2022

ਉਤਾਰਾ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਦਫ਼ਤਰ ਪ੍ਰਧਾਨ ਮੁੱਖ ਵਣ ਪਾਲ (HOFF), ਵਣ ਭਵਨ, ਸੈਕਟਰ-68, ਸਅਸ ਨਗਰ ਨੂੰ ਉਨ੍ਹਾਂ ਦੇ ਪੱਤਰ ਨੰ:ਵਟ/ਕਾਲ/9287-95 ਮਿਤੀ 25/07/2022 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਸੇਵਾਵਾਂ)